

NSW ਸਿੱਖਿਆ ਵਿਭਾਗ

# ਨਿਊ ਸਾਊਥ ਵੇਲਜ਼ ਸਰਕਾਰੀ ਸਕੂਲ ’ਚ Year 7 ਵਿੱਚ ਦਾਖਲ ਹੋ ਰਹੇ ਹੋ

## ਆਪਣੇ ਬੱਚੇ ਦੀ Year 6 ਤੋਂ Year 7 ਵਿੱਚ ਤਬਦੀਲੀ ਨੂੰ ਸ਼ੁਰੂ ਕਰਨ ਲਈ ਔਨਲਾਈਨ ਅਰਜ਼ੀ ਦਿਓ।

### ਤੁਹਾਡੇ ਬੱਚੇ ਦਾ ਸਥਾਨਕ ਸਕੂਲ

ਬਹੁਤੇ NSW ਦੇ ਸਰਕਾਰੀ ਸਕੂਲਾਂ ਨੇ ਦਾਖਲੇ ਵਾਲੇ ਖੇਤਰਾਂ ਨੂੰ ਮਨੋਨੀਤ ਕੀਤਾ ਹੈ ਤਾਂ ਜੋ ਸਾਰੇ ਸਕੂਲ ਜਾਣ ਦੀ ਉਮਰ ਦੇ ਬੱਚੇ ਸਰਕਾਰੀ ਸਕੂਲ – ਉਨ੍ਹਾਂ ਦੇ ਪਸੰਦ ਦੇ ਸਥਾਨਕ ਸਕੂਲ ਜਾਣ ਦੇ ਯੋਗ ਹੋ ਸਕਣ।

ਤੁਹਾਡੇ ਬੱਚੇ ਦਾ ਸਥਾਈ ਰਿਹਾਇਸ਼ੀ ਪਤਾ ਇਹ ਨਿਰਧਾਰਤ ਕਰਦਾ ਹੈ ਕਿ ਤੁਹਾਡੇ ਬੱਚੇ ਦਾ ਸਥਾਨਕ ਸਕੂਲ ਕਿਹੜਾ ਹੈ। ਸਕੂਲ ਲੱਭਣ ਵਾਲਾ ਸੰਦ (School Finder) education.nsw.gov.au/school-finder ਉਪਰ ਉਪਲਬਧ ਹੈ ਜੋ ਤੁਹਾਡੀ ਸਹਾਇਤਾ ਕਰ ਸਕਦਾ ਹੈ।

NSW ਵਿੱਚਲੇ ਬਹੁਤ ਸਾਰੇ ਮਾਪੇ ਅਤੇ ਸੰਭਾਲ ਕਰਨ ਵਾਲੇ ਸਥਾਨਕ ਸਕੂਲ ਦੀ ਚੋਣ ਇਸ ਕਰਕੇ ਕਰਦੇ ਹਨ ਤਾਂ ਜੋ ਉਹ ਆਪਣੇ ਬੱਚੇ ਨੂੰ ਬਿਹਤਰ ਸਿਖਿਆ ਦੇ ਸਕਣ। ਵਿਭਾਗ ਦੀ ਔਨਲਾਈਨ ਦਾਖਲਾ ਪ੍ਰਣਾਲੀ ਹਾਈ ਸਕੂਲ ਵੱਲ ਨੂੰ ਤਬਦੀਲੀ ਦਾ ਸਮਰਥਨ ਕਰਦੀ ਹੈ।

ਸਥਾਨਕ ਸਕੂਲ ਸਾਰੇ ਸਮਰੱਥਾ ਪੱਧਰਾਂ ਦੇ ਵਿਦਿਆਰਥੀਆਂ ਦੀ ਪੂਰਤੀ ਕਰਦੇ ਹਨ, ਜਿਸ ਵਿੱਚ ਉਚ ਸੰਭਾਵਿਤ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਚੁਣੌਤੀ ਦੇਣ ਦੇ ਪ੍ਰੋਗਰਾਮ ਅਤੇ ਵਾਧੂ ਸਿਖਲਾਈ ਅਤੇ ਸਹਾਇਤਾ ਦੀਆਂ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਲਈ ਪ੍ਰੋਗਰਾਮ ਸ਼ਾਮਲ ਹਨ। ਉਹ ਵਾਧੂ ਪਾਠਕ੍ਰਮ ਦੀਆਂ ਗਤੀਵਿਧੀਆਂ ਦੀ ਵਿਸ਼ਾਲ ਸ਼੍ਰੇਣੀ ਵੀ ਪੇਸ਼ ਕਰਦੇ ਹਨ।

ਕੁਝ ਇਕ ਤੋਂ ਜ਼ਿਆਦਾ ਕੈਂਪਸ ਵਾਲੇ ਕਾਲਜ ਹਨ ਜਿਨ੍ਹਾਂ ਵਿੱਚ ਬਹੁਤ ਸਾਰੇ ਸਕੂਲ ਜਾਂ ਕੈਂਪਸ ਸ਼ਾਮਲ ਹੁੰਦੇ ਹਨ, ਜਿਨ੍ਹਾਂ ਵਿੱਚ ਹਰੇਕ ਸਕੂਲ ਜਾਂ ਕੈਂਪਸ ਵੱਖ ਵੱਖ ਖੇਤਰਾਂ ਵਿੱਚ ਮਾਹਰ ਹੁੰਦੇ ਹਨ। ਉਦਾਹਰਣ ਵਜੋਂ, ਇਥੇ ਜੂਨੀਅਰ ਕੈਂਪਸ ਹੁੰਦੇ ਹਨ (Years 7-9 ਜਾਂ 7-10), ਸੀਨੀਅਰ ਕੈਂਪਸ (Years 10-12 ਜਾਂ 11-12), ਅਕਾਦਮਿਕ ਤੌਰ ‘ਤੇ ਚੋਣਵੇਂ ਕੈਂਪਸ, ਸਹਿ-ਵਿਦਿਅਕ ਕੈਂਪਸ ਅਤੇ ਇੱਕ ਲਿੰਗੀ (ਸਿੰਗਲ ਸੈਕਸ) ਕੈਂਪਸ ਹੁੰਦੇ ਹਨ।

ਇਥੇ ਸੈਂਟਰਲ ਸਕੂਲ ਵੀ ਹਨ ਜੋ ਬਹੁਤ ਸਾਰੇ ਪੇਂਡੂ ਅਤੇ ਅਲੱਗ ਭਾਈਚਾਰਿਆਂ ਨੂੰ ਆਪਣੇ ਬੱਚਿਆਂ ਨੂੰ ਕਿੰਡਰਗਾਰਟਨ ਤੋਂ 12ਵੀਂ ਜਮਾਤ ਤੱਕ ਇੱਕ ਸਕੂਲ ਵਿੱਚ ਸਿਖਿਆ ਦੇਣ ਦਾ ਮੌਕਾ ਦਿੰਦੇ ਹਨ। ਬਹੁਤ ਸਾਰੇ ਕੇਂਦਰੀ ਸਕੂਲ ਵੱਖ ਵੱਖ ਸਕੂਲਾਂ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਜੋੜਨ ਲਈ ਟੈਕਨੌਲਜੀ ਦੀ ਵਰਤੋਂ ਕਰਦੇ ਹਨ ਤਾਂ ਜੋ ਵਿਸ਼ਿਆਂ ਦੀ ਇੱਕ ਸ਼੍ਰੇਣੀ ਪੇਸ਼ ਕੀਤੀ ਜਾ ਸਕੇ। ਕੇਂਦਰੀ ਸਕੂਲ ਪਾਠਕ੍ਰਮ ਦੀਆਂ ਗਤੀਵਿਧੀਆਂ ਦੀ ਵਿਸ਼ਾਲ ਸ਼੍ਰੇਣੀ ਵੀ ਪੇਸ਼ ਕਰਦੇ ਹਨ।

ਜੇ ਤੁਸੀਂ ਔਨਲਾਈਨ ਅਰਜ਼ੀ ਦੇਣ ਦੇ ਯੋਗ ਨਹੀਂ ਹੋ ਜਾਂ ਤੁਸੀਂ ਅਜਿਹਾ ਕਰਨਾ ਪਸੰਦ ਨਹੀਂ ਕਰਦੇ ਹੋ, ਤਾਂ ਕਿਰਪਾ ਕਰਕੇ ਇਸ ਕਿਤਾਬਚੇ ਦੇ ਸਫ਼ਾ 5 ਤੋਂ ਸ਼ੁਰੂ ਹੋਣ ਵਾਲੇ ਫ਼ਾਰਮ ਨੂੰ ਭਰੋ। ਭਰੇ ਹੋਏ ਫ਼ਾਰਮ ਨੂੰ ਆਪਣੇ ਬੱਚੇ ਦੇ ਪ੍ਰਾਇਮਰੀ ਸਕੂਲ ਨੂੰ ਵਾਪਸ ਕਰ ਦਿਓ।

ਵਧੇਰੇ ਜਾਣਕਾਰੀ ਇਥੋਂ ਮਿਲਦੀ ਹੈ
education.nsw.gov.au/public-schools/going-to-a-public-school/enrolment/high-school-enrolment

NSW GOVERNMENT

# ਹੋਰ ਸਕੂਲ ਵਿਕਲਪ

## ਤੁਹਾਡੇ ਕੋਲ ਕੋਈ ਕਾਰਨ ਹੋ ਸਕਦੇ ਹਨ ਕਿ ਤੁਸੀ ਆਪਣੇ ਬੱਚੇ ਨੂੰ ਕਿਸੇ ਹੋਰ ਸਕੂਲ ਕਿਉਂ ਭੇਜਣਾ ਚਾਹੁੰਦੇ ਹੋ ਜੋ ਤੁਹਾਡਾ ਸਥਾਨਕ ਸਕੂਲ ਨਹੀਂ ਹੈ।



### ਨਾਨ ਲੋਕਲ (ਜਾਂ ਤੁਹਾਡੇ ਇਲਾਕੇ ਵਿੱਚੋਂ ਬਾਹਰਲੇ) ਸਕੂਲ

ਮਨੋਨੀਤ ਖੇਤਰ ਦੇ ਸਕੂਲ ਵਾਲੇ ਸਕੂਲਾਂ ਵਿੱਚ ਇੱਕ ਦਾਖਲਾ ਸੀਮਾ - ਵਿਦਿਆਰਥੀਆਂ ਦੀ ਗਿਣਤੀ ਹੁੰਦੀ ਹੈ ਜੋ ਉਸ ਸਕੂਲ ਦੀ ਸਥਾਈ ਰਿਹਾਇਸ਼ ਦੇ ਅਧਾਰ 'ਤੇ ਦਾਖਲ ਕੀਤੀ ਜਾ ਸਕਦੀ ਹੈ। ਦਾਖਲਾ ਸੀਮਾ ਸਾਨੂੰ ਦੱਸਦੀ ਹੈ ਕਿ ਕੀ ਸਕੂਲ ਗੈਰ-ਸਥਾਨਕ ਵਿਦਿਆਰਥੀਆਂ ਨੂੰ ਦਾਖਲ ਕਰ ਸਕਦਾ ਹੈ ਜਾਂ ਨਹੀਂ। ਦਾਖਲਾ ਸੀਮਾ ਦੇ ਅੰਦਰ, ਕੁਝ ਸਕੂਲ ਸਾਲ ਭਰ ਵਿੱਚ ਆਉਣ ਵਾਲੇ ਸਥਾਨਕ ਵਿਦਿਆਰਥੀਆਂ ਲਈ ਸਕੂਲ ਵਿੱਚ ਕੁਝ ਜਗ੍ਹਾਵਾਂ ਖਾਲੀ ਰੱਖਦੇ ਹਨ।

ਜਿਹੜੇ ਸਕੂਲ ਆਪਣੀ ਦਾਖਲਾ ਸੀਮਾ ਨੂੰ ਪੂਰਾ ਕਰ ਰਹੇ ਹਨ ਜਾਂ ਨੇੜੇ ਆ ਰਹੇ ਹਨ, ਉਹ ਗੈਰ-ਸਥਾਨਕ ਵਿਦਿਆਰਥੀਆਂ ਨੂੰ ਦਾਖਲ ਨਹੀਂ ਕਰਨਗੇ, ਜਦੋਂ ਤੱਕ ਕਿ ਕੋਈ ਮਜਬੂਰੀ ਵਾਲੇ ਹਾਲਾਤ ਨਾ ਹੋਣ।

ਹਾਲਾਂਕਿ, ਜਿਨ੍ਹਾਂ ਸਕੂਲਾਂ ਵਿੱਚ ਤਹਿ ਕੀਤੇ ਪੱਧਰ ਤੋਂ ਹੇਠਾਂ ਸਥਾਨ ਖਾਲੀ ਹਨ ਉਹ ਗੈਰ-ਸਥਾਨਕ ਵਿਦਿਆਰਥੀਆਂ ਨੂੰ ਸਵੀਕਾਰ ਕਰ ਸਕਦੇ ਹਨ।

ਜਿਨ੍ਹਾਂ ਸਕੂਲਾਂ ਵਿੱਚ ਗੈਰ-ਸਥਾਨਕ ਦਾਖਲੇ ਦੀ ਮੰਗ ਤਹਿ ਕੀਤੇ ਪੱਧਰ ਦੇ ਹੇਠਾਂ ਉਪਲਬਧ ਥਾਵਾਂ ਦੀ ਗਿਣਤੀ ਤੋਂ ਵੱਧ ਹੈ, ਉਨ੍ਹਾਂ ਸਕੂਲਾਂ ਨੂੰ ਖੇਤਰ ਤੋਂ ਬਾਹਰ ਦਾਖਲੇ ਦੇ ਮਾਪਦੰਡਾਂ ਦਾ ਜ਼ਰੂਰੀ ਵਿਕਾਸ ਕਰਨਾ ਚਾਹੀਦਾ ਹੈ ਅਤੇ ਗੈਰ-ਸਥਾਨਕ ਅਰਜੀਆਂ 'ਤੇ ਵਿਚਾਰ ਕਰਨ ਲਈ ਇੱਕ ਚੋਣ ਪੈਨਲ ਸਥਾਪਤ ਕਰਨਾ ਚਾਹੀਦਾ ਹੈ।

### ਸਪੈਸ਼ਲਿਸਟ ਸਕੂਲ

ਸਪੈਸ਼ਲਿਸਟ ਸਕੂਲ ਸੈਕੰਡਰੀ ਸਿੱਖਿਆ ਮੁਹੱਈਆ ਕਰਵਾਉਂਦੇ ਹਨ, ਜੋ ਵਿਸ਼ੇਸ਼ ਪ੍ਰਤਿਭਾ ਜਾਂ ਦਿਲਚਸਪੀ 'ਤੇ ਧਿਆਨ ਕੇਂਦ੍ਰਿਤ ਕਰਦੇ ਹਨ। ਸਪੈਸ਼ਲਿਸਟ ਸਕੂਲ ਸਿਰਜਣਾਤਮਕ, ਪੇਸ਼ਕਾਰੀ ਅਤੇ ਦ੍ਰਿਸ਼ ਕਲਾਵਾਂ, ਭਾਸ਼ਾਵਾਂ, ਤਕਨਾਲੋਜੀ (ਸਮੁੰਦਰੀ ਤਕਨਾਲੋਜੀ ਤੇ ਦਿਹਾਤੀ ਤਕਨਾਲੋਜੀ ਸਮੇਤ), ਖੇਤੀਬਾੜੀ ਅਤੇ ਖੇਡਾਂ ਲਈ ਸਥਾਪਤ ਕੀਤੇ ਗਏ ਹਨ।

ਕੁੱਝ ਸਪੈਸ਼ਲਿਸਟ ਸਕੂਲਾਂ ਵਿੱਚ ਦਾਖ਼ਲੇ ਲਈ ਕਾਰਗੁਜ਼ਾਰੀ ਜਾਂ ਔਡੀਸ਼ਨ ਦਾ ਮਾਪਦੰਡ ਹੋ ਸਕਦਾ ਹੈ।

### ਸਹਾਇਕ ਜਮਾਤਾਂ

ਕੁਝ ਸੈਕੰਡਰੀ ਸਕੂਲਾਂ ਵਿਚ ਸਹਾਇਕ ਜਮਾਤਾਂ ਲੱਗਦੀਆਂ ਹਨ, ਜਿਨ੍ਹਾਂ ਰਾਹੀਂ ਵਧੀਕ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਅੰਗਹੀਣ ਵਿਦਿਆਰਥੀਆਂ ਲਈ ਲੋੜੀਂਦੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਤੁਹਾਡੇ ਬੱਚੇ ਦੇ ਪ੍ਰਾਇਮਰੀ ਸਕੂਲ ਦਾ ਪ੍ਰਿੰਸੀਪਲ ਤੁਹਾਡੇ ਬੱਚੇ ਲਈ ਸਕੂਲੀ ਪੜ੍ਹਾਈ ਦੀ ਸਹੀ ਵਿਕਲਪ ਲੱਭ ਕੇ ਦੇਣ ਵਿੱਚ ਮਦਦ ਕਰੇਗਾ, ਉਹ ਇਸ ਵਿਚ ਤੁਹਾਡੀ ਪਸੰਦ, ਤੁਹਾਡੇ ਬੱਚੇ ਦੇ ਸਿੱਖਣ ਲਈ ਖ਼ਾਸ ਵਾਧੂ ਜ਼ਰੂਰਤਾਂ ਅਤੇ ਸਥਾਨਕ ਮਾਹਿਰ ਸੇਵਾਵਾਂ ਦੀ ਨੇੜਤਾ ਜਿਹੇ ਪੱਖਾਂ ਨੂੰ ਧਿਆਨ 'ਚ ਰੱਖੇਗਾ।

ਇਕ ਪਲੇਸਮੈਂਟ ਪ੍ਰਕਿਰਿਆ ਰਾਹੀਂ ਸਹਾਇਕ ਜਮਾਤ ਵਿਚ ਪਲੇਸਮੈਂਟ ਲਈ ਵਿਚਾਰ।

### ਅਕਾਦਮਿਕ ਤੌਰ 'ਤੇ ਚੋਣਵੇਂ ਸਕੂਲ

ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਅਕਾਦਮਿਕ ਚੋਣਵੇਂ ਸਕੂਲ ਵਿੱਚ ਦਾਖ਼ਲੇ ਦੀ ਅਰਜ਼ੀ-ਪ੍ਰਕਿਰਿਆ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਵਿਦਿਆਰਥੀ Year 5 'ਚ ਹੁੰਦਾ ਹੈ ਅਤੇ ਉਹ ਆਮ ਦਾਖ਼ਲਾ-ਪ੍ਰਕਿਰਿਆ ਤੋਂ ਲੰਮੀ ਹੁੰਦੀ ਹੈ।

ਬਿਨੈ-ਪੱਤਰ ਫ਼ਾਰਮ ਸਿਰਫ਼ ਔਨਲਾਈਨ ਉਪਲਬਧ ਹੈ। ਕ੍ਰਿਪਾ ਕਰ ਕੇ ਨੋਟ ਕਰੋ ਕਿ ਦੇਰੀ ਨਾਲ ਮਿਲਣ ਵਾਲੀ ਕੋਈ ਅਰਜ਼ੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

ਅਕਾਦਮਿਕ ਤੌਰ 'ਤੇ ਚੋਣਵੇਂ ਸਕੂਲਾਂ ਦੀ ਇੱਕ ਸੂਚੀ ਤੇ ਉਨ੍ਹਾਂ ਦੀਆਂ ਦਾਖ਼ਲਾ ਕਾਰਜ-ਵਿਧੀਆਂ ਦੇ ਵੇਰਵੇ https://education.nsw.gov.au/public-schools/selective-high-schools-and-opportunity-classes 'ਤੇ ਉਪਲਬਧ ਹਨ।

### ਤੀਬਰਤਾ ਵਾਲੇ ਅੰਗਰੇਜ਼ੀ ਕੇਂਦਰ

ਸਕੂਲ ਲੱਭਣ ਵਾਲਾ ਟੂਲ ਇੱਥੇ ਵਰਤੋ: https://education.nsw.gov.au/school-finder ਜਿਸ ਦੀ ਮਦਦ ਨਾਲ ਉਨ੍ਹਾਂ ਹਾਈ ਸਕੂਲਾਂ ਦਾ ਸਹੀ ਸਥਾਨ ਲੱਭਿਆ ਜਾ ਸਕਦਾ ਹੈ, ਜੋ ਅੰਗਰੇਜ਼ੀ ਭਾਸ਼ਾ ਸਿਖਾਉਣ ਵਿੱਚ ਤੀਬਰ ਰੂਪ ਵਿੱਚ ਸਹਾਇਕ ਹੁੰਦੇ ਹਨ।

ਆਪਣੇ ਸਥਾਨਕ ਸਕੂਲ ਦਾ ਨਕਸ਼ਾ ਲੱਭਣ ਲਈ ਆਪਣੇ ਘਰ ਦਾ ਪਤਾ ਜਾਂ ਡਾਕ-ਕੋਡ ਪ੍ਰਦਾਨ ਕਰੋ ਅਤੇ "Nearby schools" 'ਤੇ Intensive English Centre ਬਟਨ ਦੱਬੋ।

ਹੋਰ ਜਾਣਕਾਰੀ ਲਈ ਕ੍ਰਿਪਾ ਕਰ ਕੇ ਆਪਣੇ ਸਥਾਨਕ ਪ੍ਰਾਇਮਰੀ ਸਕੂਲ ਦੇ ਪ੍ਰਿੰਸੀਪਲ ਜਾਂ ਆਪਣੀ ਪਸੰਦ ਦੇ ਸੈਕੰਡਰੀ ਸਕੂਲ ਨਾਲ ਸੰਪਰਕ ਕਰੋ।

ਜੇ ਤੁਹਾਨੂੰ ਪੁੱਛਗਿੱਛ ਵਿੱਚ ਮਦਦ ਲਈ ਕਿਸੇ ਦੁਭਾਸ਼ੀਏ ਦੀ ਜ਼ਰੂਰਤ ਹੈ, ਤਾਂ ਕ੍ਰਿਪਾ ਕਰ ਕੇ 131 450 ਉੱਤੇ **ਟੈਲੀਫ਼ੋਨ ਦੁਭਾਸ਼ੀਆ ਸੇਵਾ** ਨੂੰ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਆ ਮੰਗੋ। ਇਹ ਸੇਵਾ ਤੁਹਾਡੇ ਲਈ ਮੁਫ਼ਤ ਹੋਵੇਗੀ।

# ਦਿਲਚਸਪੀ ਦਾ ਪਰ੍ਗਟਾਵਾ ਮੁਕੰਮਲ ਕਰਨਾ

**ਤੁਸੀ 'ਐਕਸਪਰੈ੍ਸ਼ਨ ਆਫ਼ ਇੰਟਰੈਸਟ' ਭਾਵ 'ਦਿਲਚਸਪੀ ਦਾ ਪਰ੍ਗਟਾਵਾ' ਫ਼ਾਰਮ ਭਰ ਕੇ ਇਹ ਦਰਸਾ ਸਕਦੇ ਹੋ ਕਿ ਤੁਸੀਂ ਆਪਣੇ ਬੱਚੇ ਨੂੰ ਤੁਹਾਡੇ ਹਲਕੇ ਦੇ ਕਿਹੜੇ ਸਕੂਲ ਵਿੱਚ ਪੜ੍ਹਾਉਣਾ ਚਾਹੁੰਦੇ ਹੋ ਅਤੇ ਸਿਰਫ ਹਲਕੇ ਤੋਂ ਬਾਹਰਲੇ 3 ਸਕੂਲਾਂ ਦੀ ਮੰਗ ਕਰ ਸਕਦੇ ਹੋ।**

ਤੁਹਾਡੇ ਬੱਚੇ ਨੂੰ Year 7 ਵਿੱਚ ਦਾਖ਼ਲ ਕਰਵਾਉਣ ਦੇ ਤਿੰਨ ਕਦਮ ਹਨ:

## ਕਦਮ 1: ਆਪਣੀ ਪਸੰਦ ਦੇ ਸਰਕਾਰੀ ਸਕੂਲ(ਲਾਂ) ਵਿਚ ਪਲੇਸਮੈਂਟ ਦੀ ਬੇਨਤੀ ਕਰਨ ਲਈ 'ਐਕਸਪਰੈ੍ਸ਼ਨ ਆਫ਼ ਇੰਟਰੈਸਟ' ਨੂੰ ਭਰੋ

### ਸਾਰੇ ਵਿਦਿਆਰਥੀਆਂ ਦੇ ਮਾਪਿਆਂ ਤੇ ਸੰਭਾਲ ਕਰਨ ਵਾਲਿਆਂ ਨੂੰ ਇਹ ਫ਼ਾਰਮ ਅੰਗਰੇਜ਼ੀ ਵਿੱਚ ਭਰਨਾ ਚਾਹੀਦਾ ਹੈ ਤੇ ਇਸ ਵਿੱਚ ਅਗਲੇ ਵਰ੍ਹੇ NSW ਦੇ ਸਰਕਾਰੀ ਸਕੂਲ 'ਚ Year 7 ਵਿੱਚ ਪਲੇਸਮੈਂਟ ਲਈ ਬੇਨਤੀ ਕਰੋ।

ਇਸ ਸਮੇਂ NSW ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਦਾਖਲ ਵਿਦਿਆਰਥੀਆਂ ਲਈ ਤੁਸੀਂ ਦਿਲਚਸਪੀ ਦੇ ਪ੍ਰਗਟਾਵੇ ਨੂੰ ਔਨਲਾਈਨ ਭਰ ਸਕਦੇ ਹੋ ਜਾਂ ਨਾਲ ਨੱਥੀ ਕੀਤੇ ਕਾਗਜ਼ੀ ਫ਼ਾਰਮ ਨੂੰ ਭਰ ਸਕਦੇ ਹੋ ਅਤੇ ਇਸ ਨੂੰ ਆਪਣੇ ਬੱਚੇ ਦੇ ਪ੍ਰਾਇਮਰੀ ਸਕੂਲ ਨੂੰ ਵਾਪਸ ਕਰ ਸਕਦੇ ਹੋ। ਉਹਨਾਂ ਵਿਦਿਆਰਥੀਆਂ ਵਾਸਤੇ ਜੋ ਇਸ ਸਮੇਂ NSW ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦਾਖਲ ਨਹੀਂ ਹਨ, ਤੁਸੀਂ ਦਿਲਚਸਪੀ ਦਾ ਪ੍ਰਗਟਾਵਾ ਔਨਲਾਈਨ ਭਰ ਸਕਦੇ ਹੋ ਜਾਂ ਇਸ ਫ਼ਾਰਮ ਨੂੰ NSW ਦੇ ਸਰਕਾਰੀ ਸੈਕੰਡਰੀ ਸਕੂਲ ਨੂੰ ਵਾਪਸ ਕਰ ਸਕਦੇ ਹੋ ਜਿਸ ਵਿੱਚ ਤੁਸੀਂ ਆਪਣੇ ਬੱਚੇ ਨੂੰ ਦਾਖਲ ਕਰਵਾਉਣ ਦਾ ਇਰਾਦਾ ਰੱਖਦੇ ਹੋ।

**ਦਿਲਚਸਪੀ ਦੇ ਸਾਰੇ ਪਰ੍ਗਟਾਵੇ ਜ਼ਰੂਰ ਹੀ ਨਿਸ਼ਚਤ ਮਿਤੀ ਨੂੰ ਜਾਂ ਉਸ ਤੋਂ ਪਹਿਲਾਂ ਵਾਪਸ ਕਰਨੇ ਚਾਹੀਦੇ ਹਨ।**

## ਕਦਮ 2: ਦਾਖ਼ਲਾ ਲੈਣ ਲਈ ਅਰਜ਼ੀ ਭਰੋ

ਜਦੋਂ ਇੱਕ ਵਾਰ ਤੁਹਾਡੇ ਬੱਚੇ ਨੂੰ ਕਿਸੇ ਸਕੂਲ ਵਿੱਚ ਜਗ੍ਹਾ ਦੀ ਪੇਸ਼ਕਸ਼ ਹੋ ਗਈ, ਤਾਂ ਤੁਹਾਨੂੰ **NSWਦੇ ਇੱਕ ਸਰਕਾਰੀ ਸਕੂਲ ਵਿੱਚ ਦਾਖ਼ਲੇ ਲਈ ਅਰਜ਼ੀ** ਭਰਨ ਲਈ ਆਖਿਆ ਜਾਵੇਗਾ। ਇਹ ਫਾਰਮ ਤੁਹਾਨੂੰ ਟਰਮ 2 ਜਾਂ ਟਰਮ 3 ਦੌਰਾਨ ਭੇਜਿਆ ਜਾਵੇਗਾ।

ਅਰਜ਼ੀ ਨੂੰ ਔਨਲਾਈਨ ਜਾਂ ਕਾਗਜ਼ੀ ਫ਼ਾਰਮ ਭਰ ਕੇ ਪੂਰਾ ਕੀਤਾ ਜਾ ਸਕਦਾ ਹੈ ਜੋ ਤੁਹਾਨੂੰ ਟਰਮ 2 ਜਾਂ ਟਰਮ 3 ਦੌਰਾਨ ਭੇਜਿਆ ਜਾਵੇਗਾ।

ਕ੍ਰਿਪਾ ਕਰ ਕੇ ਇਸ ਫ਼ਾਰਮ ਵਿੱਚ ਦਿੱਤੇ ਸਾਰੇ ਵੇਰਵੇ ਭਰੋ ਅਤੇ ਇਸ ਨੂੰ ਜਿੰਨੀ ਵੀ ਛੇਤੀ ਸੰਭਵ ਹੋਵੇ, ਵਾਪਸ ਭੇਜੋ।

ਦਾਖ਼ਲੇ ਬਾਰੇ ਆਖ਼ਰੀ ਫ਼ੈਸਲਾ ਸਕੂਲ ਪ੍ਰਿੰਸੀਪਲ ਵੱਲੋਂ ਤੁਹਾਡੀ ਦਾਖ਼ਲੇ ਦੀ ਅਰਜ਼ੀ ਉੱਤੇ ਵਿਚਾਰ ਕਰਨ ਤੇ ਉਸ ਨੂੰ ਪ੍ਰਵਾਨਗੀ ਤੋਂ ਬਾਅਦ ਲਿਆ ਜਾਵੇਗਾ। ਪ੍ਰਿੰਸੀਪਲ ਤੁਹਾਨੂੰ ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦਾ ਹੈ।

ਤੁਹਾਨੂੰ ਪੁਸ਼ਟੀ ਦੀ ਇੱਕ ਚਿੱਠੀ ਜਾਂ ਈਮੇਲ ਮਿਲੇਗੀ ਕਿ ਤੁਹਾਡੇ ਬੱਚੇ ਦਾ ਦਾਖ਼ਲਾ ਪ੍ਰਵਾਨ ਹੋਇਆ ਹੈ ਜਾਂ ਨਹੀਂ।

## ਕਦਮ 3: ਤੁਹਾਡੇ ਨਵੇਂ ਸਕੂਲ ਬਾਰੇ ਜਾਣਨਾ

ਇੱਕ ਵਾਰ ਤੁਹਾਡੇ ਬੱਚੇ ਦੇ ਦਾਖ਼ਲੇ ਦੀ ਪੁਸ਼ਟੀ ਮਿਲਣ ਤੋਂ ਬਾਅਦ, ਤੁਹਾਡੇ ਬੱਚੇ ਦੇ Year 7 ਵਿੱਚ ਜਾਣ ਵਿੱਚ ਮਦਦ ਲਈ ਨਵੇਂ ਸਕੂਲ ਬਾਰੇ ਜਾਣਨਾ ਅਹਿਮ ਹੁੰਦਾ ਹੈ।

ਸਕੂਲ ਉਨ੍ਹਾਂ ਵਿਦਿਆਰਥੀਆਂ ਲਈ ਤਬਾਦਲਾ ਗਤੀਵਿਧੀਆਂ ਅਤੇ ਇੱਕ 'ਮਿਲਣੀ ਦਿਵਸ' ਦਾ ਆਯੋਜਨ ਕਰੇਗਾ, ਜਿਨ੍ਹਾਂ ਨੇ ਅਗਲੇ ਵਰ੍ਹੇ Year 7 ਦੀ ਸ਼ੁਰੂਆਤ ਕਰਨੀ ਹੈ। ਮਾਪਿਆਂ ਤੇ ਸੰਭਾਲ ਕਰਨ ਵਾਲਿਆਂ ਨੂੰ ਆਮ ਤੌਰ 'ਤੇ 'ਮਿਲਣੀ ਦਿਵਸ' 'ਤੇ ਸੱਦਿਆ ਜਾਂਦਾ ਹੈ, ਜੋ ਨਵੰਬਰ ਮਹੀਨੇ ਦੇ ਅਖੀਰਲੇ ਦਿਨਾਂ/ਦਸੰਬਰ ਦੇ ਸ਼ੁਰੂ ਵਿੱਚ ਕਰਵਾਇਆ ਜਾਂਦਾ ਹੈ। ਇਸ ਨਾਲ ਤੁਹਾਡੇ ਬੱਚੇ ਨੂੰ ਸੈਕੰਡਰੀ ਸਕੂਲ ਦੇ ਸਬਕਾਂ ਅਤੇ ਵਿਸ਼ਿਆਂ, ਅਧਿਆਪਕਾਂ, ਜਮਾਤਾਂ ਤੇ ਸਕੂਲ ਦੀਆਂ ਕਾਰਜ-ਵਿਧੀਆਂ ਬਾਰੇ ਪਤਾ ਲਾਉਣ ਵਿੱਚ ਮਦਦ ਮਿਲਦੀ ਹੈ ਅਤੇ ਸਾਥੀ ਵਿਦਿਆਰਥੀਆਂ ਨੂੰ ਮਿਲਣ ਦਾ ਵੀ ਮੌਕਾ ਮਿਲਦਾ ਹੈ।

ਤਹਾਡੇ ਨਵੇਂ ਸਕੂਲ ਵੱਲੋਂ ਮਿਲਣੀ ਦਿਵਸ ਸਮੇਂ ਤੁਹਾਨੂੰ ਵਰਦੀਆਂ, ਯਾਤਰਾ ਦੇ ਵਿਕਲਪਾਂ ਤੇ ਹੋਰ ਅਹਿਮ ਵੇਰਵਿਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਜੇ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਕ੍ਰਿਪਾ ਕਰ ਕੇ ਪ੍ਰਿੰਸੀਪਲ ਨੂੰ ਫ਼ੋਨ ਕਰੋ। ਜੇ ਤੁਹਾਨੂੰ ਆਪਣੀ ਮਦਦ ਲਈ ਕਿਸੇ ਦੁਭਾਸ਼ੀਏ ਦੀ ਲੋੜ ਹੈ, ਤਾਂ ਕ੍ਰਿਪਾ ਕਰਕੇ **131 450** ਉੱਤੇ ਟੈਲੀਫ਼ੋਨ ਦੁਭਾਸ਼ੀਆ ਸੇਵਾ ਨੂੰ ਫ਼ੋਨ ਕਰੋ ਅਤੇ ਇੱਕ ਦੁਭਾਸ਼ੀਏ ਦੀ ਮੰਗ ਕਰੋ। ਔਪਰੇਟਰ ਇੱਕ ਦੁਭਾਸ਼ੀਏ ਨੂੰ ਗੱਲਬਾਤ ਕਰਨ ਵਿੱਚ ਤੁਹਾਡੀ ਮਦਦ ਲਈ ਲਾਈਨ 'ਤੇ ਲਿਆਵੇਗਾ। ਇਸ ਸੇਵਾ ਲਈ ਤੁਹਾਡੇ ਤੋਂ ਕੋਈ ਪੈਸਾ ਨਹੀਂ ਵਸੂਲਿਆ ਜਾਵੇਗਾ।

## ਜਾਣਕਾਰੀ ਜੋ ਤੁਹਾਡੇ ਨਵੇਂ ਸਕੂਲ ਵੱਲੋਂ ਤੁਹਾਡੇ ਬੱਚੇ ਨੂੰ ਸਿਖਲਾਈ ਤੇ ਮਦਦ ਦੇਣ ਵਿੱਚ ਸਹਾਇਕ ਹੋਵੇਗੀ

ਇਹ ਅਹਿਮ ਹੈ ਕਿ ਤੁਸੀਂ ਆਪਣੇ ਬੱਚੇ ਦੇ ਸਿੱਖਣ ਤੇ ਮਦਦ ਦੀਆਂ ਜ਼ਰੂਰਤਾਂ ਬਾਰੇ ਆਪਣੇ ਸਕੂਲ ਨੂੰ ਸਾਰੀ ਜਾਣਕਾਰੀ ਮੁਹੱਈਆ ਕਰਵਾ ਦਿਓ। ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਬੱਚੇ ਨਾਲ ਸਬੰਧਤ ਕੋਈ ਵੀ ਗਿਆਤ ਐਲਰਜੀਆਂ ਜਾਂ ਹੋਰ ਮੈਡੀਕਲ ਸਥਿਤੀਆਂ ਬਾਰੇ ਸਕੂਲ ਨੂੰ ਦੱਸ ਦਿਓ।

ਇਸ ਵਿੱਚ ਇਹ ਜਾਣਕਾਰੀ ਵੀ ਸ਼ਾਮਲ ਹੈ ਪਰ ਸੀਮਤ ਨਹੀਂ ਕਿ ਤੁਹਾਡੇ ਬੱਚੇ ਨੂੰ ਐਨਾਫ਼ੀਲੈਕਸਿਸ, ਦਮਾ, ਸ਼ੂਗਰ ਰੋਗ ਜਾਂ ਮਿਰਗੀ ਵਰਗੇ ਰੋਗ ਹਨ।

ਜੇ ਤੁਹਾਡੇ ਬੱਚੇ ਨੂੰ ਐਨਾਫ਼ੀਲੈਕਸਿਸ ਦੇ ਖ਼ਤਰੇ ਵਾਲੀ ਬਿਮਾਰੀ ਦਾ ਪਤਾ ਲੱਗਾ ਹੈ, ਤਾਂ ਕ੍ਰਿਪਾ ਕਰ ਕੇ ਆਪਣੇ ਬੱਚੇ ਦੇ ਨਵੇਂ ਸਕੂਲ ਨੂੰ ਮੌਜੂਦਾ ASCIA Action Plan for Anaphylaxis ਮੁਹੱਈਆ ਕਰਵਾ ਦਿਓ, ਜੋ ਤੁਹਾਡੇ ਬੱਚੇ ਦੇ ਡਾਕਟਰ ਨੇ ਮੁਕੰਮਲ ਕੀਤਾ ਹੈ ਅਤੇ ਜਿਸ ਉੱਤੇ ਤੁਹਾਡੇ ਬੱਚੇ ਦੇ ਡਾਕਟਰ ਦੇ ਹਸਤਾਖਰ ਹੋਣ।

ASCIA Action Plan ਦੇ ਨਾਲ ਸਕੂਲ ਨੂੰ ਉਸ ਯੋਜਨਾ ਵਿੱਚ ਵਿਸਥਾਰਪੂਰਬਕ ਦਿੱਤੇ ਹੰਗਾਮੀ ਹਾਲਾਤ ਵਿੱਚ ਸਿਹਤ ਹੁੰਗਾਰੇ 'ਚ ਮਦਦ ਲਈ ਐਡਰਨਲੀਨ ਆਟੋਇੰਜੈਕਟਰ ਦੀ ਲੋੜ ਹੋਵੇਗੀ। ਕ੍ਰਿਪਾ ਕਰ ਕੇ ਸਕੂਲ ਨੂੰ ਦਿੱਤੇ ਜਾਣ ਵਾਲੇ ਐਡਰਨਲੀਨ ਆਟੋਇੰਜੈਕਟਰ ਦੀ ਮਿਆਦ ਪੁੱਗਣ ਦੀ ਮਿਤੀ ਨੋਟ ਕਰੋ ਅਤੇ ਸਮੇਂ ਤੋਂ ਪਹਿਲਾਂ ਇੱਕ ਬਦਲਵਾਂ ਉਪਕਰਨ ਮੁਹੱਈਆ ਕਰਵਾਓ।

## ਦਿਲਚਸਪੀ ਦੇ ਪਰ੍ਗਟਾਵੇ ਨੂੰ ਪੂਰਾ ਕਰਨ ਵਿੱਚ ਤੁਹਾਡੀ ਸਹਾਇਤਾ ਕਰਨ ਲਈ ਜਾਣਕਾਰੀ

### ਸੈਕਸ਼ਨ A

ਕ੍ਰਿਪਾ ਕਰ ਕੇ ਆਪਣੇ ਬੱਚੇ ਦੇ ਨਿਜੀ ਵੇਰਵੇ ਭਰੋ ਅਤੇ **ਸੈਕਸ਼ਨ A** ਵਿੱਚ ਘੋਸ਼ਣਾ ਪੱਤਰ 'ਤੇ ਹਸਤਾਖਰ ਕਰੋ।

### ਸੈਕਸ਼ਨ B

**ਸੈਕਸ਼ਨ B** ਤੁਹਾਡੇ ਮਨੋਨੀਤ ਸਥਾਨਕ ਸਕੂਲ ਨੂੰ ਦਰਸਾਉਂਦਾ ਹੈ, ਜੋ ਤੁਹਾਡੇ ਬੱਚੇ ਦੇ ਘਰ ਦੇ ਪਤੇ 'ਤੇ ਆਧਾਰਤ ਹੈ। ਤੁਹਾਡਾ ਬੱਚਾ ਉਨ੍ਹਾਂ ਦੇ ਸਥਾਨਕ ਸਕੂਲ 'ਚ ਦਾਖ਼ਲਾ ਲੈਣ ਦਾ ਹੱਕਦਾਰ ਹੈ।

ਜੇ ਤੁਸੀਂ ਸਿਰਫ ਆਪਣੇ ਸਥਾਨਕ ਸਕੂਲ ਵਿੱਚ ਹੀ ਪਲੇਸਮੈਂਟ ਲੱਭ ਰਹੇ ਹੋ, ਤਾਂ ਕ੍ਰਿਪਾ ਕਰ ਕੇ **ਸੈਕਸ਼ਨ B** 'ਤੇ ਹਸਤਾਖਰ ਕਰੋ ਤੇ ਨਿਸ਼ਚਤ ਮਿਤੀ ਤਕ ਫ਼ਾਰਮ ਨੂੰ ਵਾਪਸ ਕਰੋ। ਤੁਸੀਂ ਹੁਣ ਫਾਰਮ ਪੂਰਾ ਕਰ ਚੁੱਕੇ ਹੋ।

ਜੇ ਤੁਸੀਂ ਇੱਕ ਅਕਾਦਮਿੱਕ ਤੌਰ 'ਤੇ ਚੋਣਵੇਂ ਸਕੂਲ ਲਈ ਅਰਜੀ ਦਿੱਤੀ ਹੈ, ਅਤੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਬੱਚਾ ਸਥਾਨਕ ਸਕੂਲ ਵਿੱਚ ਦਾਖਲ ਹੋਵੇ ਜੇ ਅਸਫਲ ਰਹੇ ਤਾਂ **ਸੈਕਸ਼ਨ B** 'ਤੇ ਦਸਤਖਤ ਕਰੋ ਅਤੇ ਮਿਤੀ ਵੀ ਲਿਖੋ।

## ਸੈਕਸ਼ਨ C

ਜੇ ਤੁਸੀਂ ਹੋਰ ਪਲੇਸਮੈਂਟਸ ਚਾਹ ਰਹੇ ਹੋ, ਤਾਂ ਕ੍ਰਿਪਾ ਕਰ ਕੇ ਸੈਕਸ਼ਨ C ਵਿੱਚ ਤਰਜੀਹ-ਕ੍ਰਮ ਦੇ ਆਧਾਰ 'ਤੇ ਤਿੰਨ ਸਕੂਲਾਂ ਦੀ ਸੂਚੀ ਦੇਵੋ।

ਤੁਸੀਂ ਇਸ 'ਚ ਪਲੇਸਮੈਂਟ ਦੀ ਬੇਨਤੀ ਕਰ ਸਕਦੇ ਹੋ:

- ਸਪੈਸ਼ਲਿਸਟ ਸਕੂਲ
- ਸਹਾਇਕ ਜਮਾਤ (ਤੁਹਾਡੇ ਪ੍ਰਾਇਮਰੀ ਸਕੂਲ ਪ੍ਰਿੰਸੀਪਲ ਦੀ ਸਲਾਹ ਨਾਲ, ਜੋ ਲੋੜੀਂਦੇ ਸਮਰਥਨ ਲਈ ਇਕ ਅਰਜ਼ੀ ਜਮ੍ਹਾਂ ਕਰਨਗੇ)
- ਇਲਾਕੇ ਤੋਂ ਬਾਹਰਲੇ ਸਕੂਲ।

**ਕਿਰ੍ਪਾ ਕਰ ਕੇ ਨੋਟ ਕਰੋ ਕਿ ਸਪੈਸ਼ਲਿਸਟ ਸਕੂਲ, ਅਤੇ ਗ਼ੈਰ-ਸਥਾਨਕ ਸਕੂਲਾਂ ਵਿੱਚ ਦਾਖ਼ਲੇ ਲਈ ਪਲੇਸਮੈਂਟ ਪੈਨਲਜ਼ ਨੂੰ ਅਰਜ਼ੀ ਦੇਣ ਸਮੇਂ ਹੋਰ ਵੀ ਜ਼ਰੂਰਤਾਂ ਦੀ ਪੂਰਤੀ ਕਰਨੀ ਹੋਵੇਗੀ।**

ਜੇ ਤੁਹਾਨੂੰ ਪੱਕਾ ਪਤਾ ਨਾ ਹੋਵੇ ਕਿ ਕੀ ਤੁਹਾਨੂੰ ਕੋਈ ਹੋਰ ਫ਼ਾਰਮ ਭਰਨ ਦੀ ਲੋੜ ਹੈ ਜਾਂ ਨਹੀਂ, ਤਾਂ ਕ੍ਰਿਪਾ ਕਰ ਕੇ ਆਪਣੀ ਦਿਲਚਸਪੀ ਵਾਲੇ ਸਕੂਲ ਨਾਲ ਸਿੱਧਾ ਸੰਪਰਕ ਕਰੋ।

**ਜੇ ਤੁਸੀ ਇਲਾਕੇ ਤੋ ਬਾਹਰਲੇ ਸਕੂਲ ਵਿੱਚ ਪਲੇਸਮੈਂਟ ਦੀ ਬੇਨਤੀ ਕਰ ਰਹੇ ਹੋ, ਤਾਂ ਉਸ ਲਈ ਇੱਕ ਵਾਧੂ ਕਦਮ ਹੋਰ ਹੋਵੇਗਾ।**

**ਸਕੂਲਾਂ ਕੋਲ ਇਲਾਕੇ ਤੋਂ ਬਾਹਰਲੀਆਂ ਅਰਜੀਆਂ ਲਈ ਦਾਖਲੇ ਦੇ ਮਾਪਦੰਡ ਹੁੰਦੇ ਹਨ ਜਿਥੇ ਇਲਾਕੇ ਤੋਂ ਬਾਹਰਲੀਆਂ ਅਰਜੀਆਂ ਦੀ ਮੰਗ ਦਾਖਲੇ ਵਾਲੀ ਸੀਮਾ ਤੋਂ ਹੇਠਾਂ ਉਪਲਬਧ ਥਾਵਾਂ ਦੀ ਗਿਣਤੀ ਤੋਂ ਵੱਧ ਹੋਵੇ।**

ਜੇ ਤੁਸੀਂ ਕਿਸੇ ਇਲਾਕੇ ਤੋਂ ਬਾਹਰਲੇ ਸਕੂਲ ਵਿੱਚ ਕੋਈ ਸਥਾਨ ਲੱਭ ਰਹੇ ਹੋ, ਤਾਂ ਕ੍ਰਿਪਾ ਕਰ ਕੇ ਗ਼ੈਰ-ਸਥਾਨਕ ਪਲੇਸਮੈਂਟ ਭਾਲਣ ਦੇ ਕਾਰਣ ਦੇਵੋ, ਉਦਾਹਰਣ ਵਜੋਂ:

- ਭੈਣ ਭਰਾ ਸਕੂਲ ਵਿੱਚ ਦਾਖਲ ਹਨ
- ਨੇੜਤਾ ਅਤੇ ਸਕੂਲ ਤੱਕ ਪਹੁੰਚ
- ਇੱਕ ਲਿੰਗੀ ਸਕੂਲ ਤੱਕ ਪਹੁੰਚ
- ਸਿਹਤ ਸਬੰਧੀ ਕਾਰਨ
- ਤੁਹਾਡੇ ਬੱਚੇ ਦੀ ਸਕੂਲ ਤੋਂ ਪਹਿਲਾਂ ਅਤੇ ਬਾਅਦ ਸੁਰੱਖਿਆ ਅਤੇ ਨਿਗਰਾਨੀ
- ਸਕੂਲ ਵਿੱਚ ਵਿਸ਼ਿਆਂ ਦੀ ਉਪਲੱਬਧਤਾ ਜਾਂ ਵਿਸ਼ਿਆਂ ਦੇ ਸੁਮੇਲ
- ਹਮਦਰਦੀ ਵਾਲੇ ਹਾਲਾਤ
- ਸਕੂਲ ਦੇ ਢਾਂਚੇ ਅਤੇ ਸੰਸਥਾ ਦਾ ਗਠਨ
- ਸਥਾਨਕ ਦਾਖਲਾ ਖੇਤਰ ਦੀਆਂ ਹੱਦਾਂ ਵਿੱਚ ਹਾਲ ਹੀ ਵਿੱਚ ਬਦਲਾਅ

ਸਕੂਲ ਦਾਖਲਾ ਪੈਨਲ ਸਿਰਫ਼ ਇਸ ਫ਼ਾਰਮ 'ਤੇ ਦਿੱਤੀ ਜਾਣਕਾਰੀ ਅਤੇ ਤੁਹਾਡੇ ਵੱਲੋਂ ਮੁਹੱਈਆ ਕਰਵਾਏ ਗਏ ਹੋਰ ਵਾਜਬ ਦਸਤਾਵੇਜ਼ਾਂ 'ਤੇ ਹੀ ਗ਼ੌਰ ਕਰੇਗਾ।

ਜੇ ਤੁਹਾਡੇ ਬੱਚੇ ਨੂੰ ਤੁਹਾਡੀ (ਪਹਿਲੀ) ਪਸੰਦ 1 ਦੇ ਸਕੂਲ ਵਿੱਚ ਪੇਸ਼ਕਸ਼ ਨਹੀਂ ਮਿਲਦੀ, ਤਾਂ ਤੁਹਾਡੇ ਬੱਚੇ ਨੂੰ ਤੁਹਾਡੀ (ਦੂਜੀ) ਪਸੰਦ 2 ਦੇ ਸਕੂਲ ਵਿੱਚ ਤੇ ਫਿਰ ਤੁਹਾਡੀ (ਤੀਜੀ) ਪਸੰਦ 3 ਦੇ ਸਕੂਲ ਵਿੱਚ ਪਲੇਸਮੈਂਟ ਲਈ ਵਿਚਾਰਿਆ ਜਾਵੇਗਾ, ਜੇ ਇਹ ਲਾਗੂ ਹੁੰਦਾ ਹੋਇਆ।

ਜੇ ਤੁਸੀਂ ਆਪਣੀ ਪਸੰਦ ਦੇ ਕਿਸੇ ਸਕੂਲ ਵਿੱਚ ਸਥਾਨ ਲੈਣ ਵਿੱਚ ਸਫ਼ਲ ਨਹੀਂ ਹੁੰਦੇ, ਤਾਂ ਸਕੂਲ ਤੁਹਾਨੂੰ ਇਸ ਬਾਰੇ ਸੂਚਿਤ ਕਰੇਗਾ। ਸਕੂਲ ਇਹ ਦਰਸਾ ਸਕਦਾ ਹੈ ਕਿ ਤੁਹਾਨੂੰ ਉਡੀਕ-ਸੂਚੀ ਵਿੱਚ ਰੱਖਿਆ ਗਿਆ ਹੈ ਅਤੇ ਜੇ ਕੋਈ ਥਾਂ ਉਪਲਬਧ ਹੋਈ, ਤਾਂ ਤੁਹਾਨੂੰ ਥਾਂ ਦੀ ਪੇਸ਼ਕਸ਼ ਕੀਤੀ ਜਾਵੇਗੀ।

ਜੇ ਤੁਹਾਡੇ ਬੱਚੇ ਨੂੰ ਸੂਚੀਬੱਧ ਸਕੂਲ ਤਰਜੀਹਾਂ ਵਿੱਚੋਂ ਕਿਸੇ ਥਾਂ ਦੀ ਪੇ੍ਸ਼ਕਸ਼ ਕੀਤੀ ਜਾਂਦੀ ਹੈ, ਤਾਂ ਤੁਹਾਨੂੰ ਹੇਠਲੀ ਤਰਜੀਹ ਦੇ ਕਿਸੇ ਹੋਰ ਸਕੂਲ ਤੋਂ ਕੋਈ ਪੇ੍ਸ਼ਕਸ਼ ਨਹੀਂ ਮਿਲੇਗੀ।

ਜੇ ਤੁਹਾਡੇ ਵੱਲੋਂ ਬੇਨਤੀ ਕੀਤੇ ਕਿਸੇ ਵੀ ਸਕੂਲ ਵਿੱਚ ਕੋਈ ਥਾਂ ਉਪਲਬਧ ਨਹੀਂ ਹੈ, ਤਾਂ ਤੁਹਾਡਾ ਬੱਚਾ **ਸੈਕਸ਼ਨ B** ਵਿੱਚ ਸੂਚੀਬੱਧ ਆਪਣੇ ਸਥਾਨਕ ਸਕੂਲ ਵਿੱਚ ਆਪਣੀ ਜਗ੍ਹਾ ਸੁਰੱਖਿਅਤ ਕਰੇਗਾ, ਬਸ਼ਰਤੇ ਉਸ ਸਕੂਲ ਵਿੱਚ ਦਾਖ਼ਲੇ ਲਈ ਤੁਹਾਡੀ ਅਰਜ਼ੀ ਪ੍ਰਵਾਨ ਹੋਈ ਹੋਵੇ।

ਜੇ ਤੁਹਾਨੂੰ ਮਹਿਸੂਸ ਹੁੰਦਾ ਹੈ ਕਿ ਤੁਹਾਡੇ ਨਾਲ ਨਿਆਂਪੂਰਨ ਵਿਵਹਾਰ ਨਹੀਂ ਹੋਇਆ ਜਾਂ ਨਤੀਜਾ ਗ਼ੈਰ-ਵਾਜਬ ਹੈ, ਤਾਂ ਤੁਸੀਂ ਅਪੀਲ ਕਰ ਸਕਦੇ ਹੋ। ਇਹ ਅਪੀਲ ਲਿਖਤੀ ਰੂਪ ਵਿੱਚ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਕੋਲ ਕਰਨੀ ਚਾਹੀਦੀ ਹੈ।

## ਸੈਕਸ਼ਨ D

**ਜੇ ਤੁਸੀ ਅਕਾਦਮਿਕ ਤੌਰ 'ਤੇ ਚੋਣਵੇਂ ਸਕੂਲ ਲਈ ਅਰਜ਼ੀ ਦਿੱਤੀ ਹੈ,** ਤਾਂ ਕ੍ਰਿਪਾ ਕਰ ਕੇ ਇਸ ਫ਼ਾਰਮ ਦੇ **ਸੈਕਸ਼ਨ D** ਵਿੱਚ ਦਿੱਤੀ ਡੱਬੀ 'ਤੇ ਸਹੀ ਦਾ ਨਿਸ਼ਾਨ ਲਾਓ ਅਤੇ **ਸੈਕਸ਼ਨ B, C** ਜਾਂ **ਸੈਕਸ਼ਨ E** ਭਰੋ, ਜੇ ਤੁਹਾਡਾ ਬੱਚਾ ਕਿਸੇ ਚੋਣਵੇਂ ਸਕੂਲ ਵਿੱਚ ਸਥਾਨ ਲੈਣ ਵਿੱਚ ਸਫ਼ਲ ਨਹੀਂ ਹੋ ਸਕਿਆ।

## ਸੈਕਸ਼ਨ E

**ਜੇ ਤੁਸੀ ਕਿਸੇ ਸਰਕਾਰੀ ਸਕੂਲ ਵਿੱਚ ਸਥਾਨ ਹਾਸਲ ਨਹੀ ਕੀਤਾ, ਤਾਂ ਕਿਰ੍ਪਾ ਕਰ ਕੇ ਸੈਕਸ਼ਨ E ਭਰੋ।**

**ਸੈਕਸ਼ਨ E** ਭਰਨ ਨਾਲ NSW ਦੇ ਸਰਕਾਰੀ ਸਕੂਲਾਂ ਵੱਲੋਂ ਤੁਹਾਡੇ ਬੱਚੇ ਦੀ Year 7 ਵਿੱਚ ਪਲੇਸਮੈਂਟ ਨਾਲ ਸਬੰਧਤ ਕਿਸੇ ਵੀ ਕਾਰਵਾਈ ਦਾ ਰਾਹ ਬੰਦ ਹੋ ਜਾਂਦਾ ਹੈ।



NSW ਸਿੱਖਿਆ ਵਿਭਾਗ

# ਦਿਲਚਸਪੀ ਦਾ ਪਰ੍ਗਟਾਵਾ (Expression of Interest)

## NSW ਦੇ ਕਿਸੇ ਸਰਕਾਰੀ ਸਕੂਲ ਵਿੱਚ Year 7 'ਚ ਪਲੇਸਮੈਂਟ

## Placement in Year 7 in a NSW Government school.

ਕਿਰ੍ਪਾ ਕਰ ਕੇ ਇਹ ਫ਼ਾਰਮ ਅੰਗਰੇਜ਼ੀ ਵਿੱਚ ਭਰੋ।

SRN | | | | | | | | | |

ਸਿਰਫ਼ ਦਫ਼ਤਰੀ ਵਰਤੋਂ ਲਈ (ਮਾਪਿਆਂ/ ਸੰਭਾਲ ਕਰਨ ਵਾਲਿਆਂ ਨੂੰ ਨਹੀਂ ਭਰਨਾ ਚਾਹੀਦਾ) (Office use only)

## A - ਵਿਦਿਆਰਥੀ ਬਾਰੇ ਜਾਣਕਾਰੀ (A. Student information)

**ਪਰਿਵਾਰਕ ਨਾਮ**
Family name

**ਪਹਿਲਾ ਨਾਮ**
First given name

**ਵਚਿਕਾਰਲਾ (ਹੋਰ) ਨਾਮ**
Middle (other) name/s

**ਲਿੰਗ**
Gender

☐ ਮਰਦ Male ☐ ਔਰਤ Female

**ਜਨਮ ਮਿਤੀ**
Date of birth

☐☐ / ☐☐ / ☐☐☐☐
*ਦਿਨ* *ਮਹੀਨਾ* *ਸਾਲ*

**ਰਿਹਾਇਸ਼ੀ ਪਤਾ** *(ਮਿਸਾਲ ਵਜੋਂ 1 High Street, Sydney, NSW, 2000)* **(Residential address)**

**ਮਾਪੇ/ਸਰਪਰ੍ਸਤ ਦਾ ਨਾਮ**
Name of parent/carer

**ਫੋਨ ਨੰਬਰ** *(ਮੋਬਾਇਲ)*
**Phone number** *(mobile)*

**ਫੋਨ ਨੰਬਰ** *(ਕੰਮ ਵਾਲੀ ਜਗ੍ਹਾ ਦਾ)*
**Phone number** *(home)*

**ਫੋਨ ਨੰਬਰ** *(ਘਰ ਦਾ)*
**Phone number** *(work)*

**ਈਮੇਲ ਪਤਾ**
Email address

**ਵਿਦਿਆਰਥੀ ਦਾ ਮੌਜੂਦਾ ਪਰ੍ਾਇਮਰੀ ਸਕੂਲ** (Student's current primary school)

**ਘੋਸ਼ਣਾ-ਪੱਤਰ** (Declaration)

ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ ਇਸ *ਦਿਲਚਸਪੀ ਦੇ ਪ੍ਰਗਟਾਵੇ* ਵਿੱਚ ਪ੍ਰਦਾਨ ਕੀਤੀ ਗਈ ਜਾਣਕਾਰੀ ਮੇਰੇ ਗਿਆਨ ਅਤੇ ਵਿਸ਼ਵਾਸ ਮੁਤਾਬਕ ਬਿਲਕੁਲ ਸਹੀ ਅਤੇ ਮੁਕੰਮਲ ਹੈ। ਮੈਂ ਇਹ ਵੀ ਪ੍ਰਮਾਣਿਤ ਕਰਦਾ/ਕਰਦੀ ਹਾਂ ਕਿ ਜੇ ਬਾਅਦ 'ਚ ਇਸ ਅਰਜ਼ੀ ਵਿੱਚ ਦਿੱਤੇ ਬਿਆਨ ਝੂਠੇ ਜਾਂ ਗੁੰਮਰਾਹਕੁੰਨ ਸਿੱਧ ਹੋ ਜਾਂਦੇ ਹਨ, ਤਾਂ ਇਸ ਅਰਜ਼ੀ ਦੇ ਆਧਾਰ 'ਤੇ ਕੀਤਾ ਗਿਆ ਕੋਈ ਵੀ ਫ਼ੈਸਲਾ ਪਲਟਿਆ ਜਾ ਸਕਦਾ ਹੈ। ਮੈਂ ਸਮਝਦਾ/ਦੀ ਹਾਂ ਕਿ ਇਸ ਪਲੇਸਮੈਂਟ ਪ੍ਰਕਿਰਿਆ ਤੋਂ ਬਾਅਦ ਕੋਈ ਵੀ ਦਾਖ਼ਲੇ ਨਿਊ ਸਾਊਥ ਵੇਲਜ਼ ਦੇ ਕਿਸੇ ਸਰਕਾਰੀ ਸਕੂਲ ਵਿੱਚ ਦਾਖ਼ਲੇ ਲਈ ਅਰਜ਼ੀ *(Application to Enrol in a NSW Government School)* ਉਤੇ ਵਿਚਾਰ ਕੀਤੇ ਜਾਣ ਅਤੇ ਉਸ ਦੀ ਪ੍ਰਵਾਨਗੀ ਦੇ ਆਧਾਰ ਉਤੇ ਹੀ ਹੋਣਗੇ।

**ਮਾਪੇ/ਸਰਪਰ੍ਸਤ ਦੇ ਹਸਤਾਖਰ** (Signature of parent/carer)

**ਨਾਮ ਲਿਖੋ** (Print name)

**ਮਿਤੀ**
Date

☐☐ / ☐☐ / ☐☐☐☐
*ਦਿਨ* *ਮਹੀਨਾ* *ਸਾਲ*

## B - ਤੁਹਾਡੇ ਸਥਾਨਕ ਸਰਕਾਰੀ ਸਕੂਲ 'ਚ ਪਲੇਸਮੈਂਟ (B. Placement at local government school)

**ਤੁਹਾਡਾ ਸਥਾਨਕ ਸਕੂਲ** (Your local school)

ਜੇ ਤੁਹਾਡੀ ਇੱਛਾ ਹੈ ਕਿ ਤੁਹਾਡਾ ਬੱਚਾ ਤੁਹਾਡੇ ਮਨੋਨੀਤ ਸਥਾਨਕ ਸਰਕਾਰੀ ਸਕੂਲ ਵਿੱਚ ਦਾਖ਼ਲਾ ਲਵੇ ਤਾਂ ਕ੍ਰਿਪਾ ਕਰਕੇ ਹੇਠਾਂ ਵਾਲੇ ਸੈਕਸ਼ਨ ਵਿੱਚ ਹਸਤਾਖਰ ਕਰੋ।

**ਮਾਪੇ/ਸਰਪਰ੍ਸਤ ਦੇ ਹਸਤਾਖਰ** (Signature of parent/carer)

**ਮਿਤੀ**
Date

☐☐ / ☐☐ / ☐☐☐☐
*ਦਿਨ* *ਮਹੀਨਾ* *ਸਾਲ*

ਜੇ ਤੁਸੀਂ ਉਪਰ ਦਸਤਖਤ ਕੀਤੇ ਹਨ ਅਤੇ ਤੁਹਾਡੇ ਬੱਚੇ ਨੂੰ **ਸਿਰਫ਼** ਇਸ ਸਕੂਲ ਵਿੱਚ ਹੀ ਦਾਖਲ ਕਰਵਾਉਣਾ ਚਾਹੁੰਦੇ ਹੋ, ਤਾਂ ਤੁਸੀਂ ਇਸ ਫਾਰਮ ਨੂੰ ਪੂਰਾ ਕਰ ਦਿੱਤਾ ਹੈ।

## C - ਹੋਰ ਸਰਕਾਰੀ ਸਕੂਲਾਂ ਵਿੱਚ ਪਲੇਸਮੈਂਟ ਲਈ ਵਿਚਾਰ ਕੀਤਾ ਜਾਵੇਗਾ।
## C. Consideration to be given to placement at other government schools

**ਜੇ ਤੁਸੀ ਚਾਹੋ ਕਿ ਤੁਹਾਡਾ ਬੱਚਾ ਕਿਸੇ ਹੋਰ ਗੈਰ-ਸਥਾਨਕ ਸਕੂਲ ਨੂੰ ਜਾਵੇ, ਤਾਂ ਤੁਸੀ ਵੱਧ ਤੋ ਵੱਧ ਤਿੰਨ ਤਰਜੀਹਾਂ ਪਰਦਾਨ ਕਰ ਸਕਦੇ ਹੋ। ਤੁਸੀ ਇਨਹ੍ਹਾਂ ਵਿੱਚ ਸ਼ਾਮਲ ਕਰ ਸਕਦੇ ਹੋ:**

- ਇੱਕ **ਚੋਣਵਾਂ ਸਰਕਾਰੀ ਸਕੂਲ।** ਕਿਰਪਾ ਕਰਕੇ ਨੋਟ ਕਰੋ ਕਿ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਨੂੰ ਇੱਕ ਮਾਹਰ ਸਕੂਲ ਵਿੱਚ ਪਲੇਸਮੈਂਟ ਲਈ ਵਿਚਾਰਿਆ ਜਾਵੇ ਤਾਂ ਤੁਹਾਨੂੰ ਪ੍ਰਾਇਮਰੀ ਸਕੂਲ ਦੇ ਪ੍ਰਿੰਸੀਪਲ ਤੋਂ ਸਹਾਇਤਾ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।
- ਵਾਧੂ ਸਿਖਲਾਈ ਅਤੇ **ਸਹਾਇਤਾ** ਸਿਖਲਾਈ ਦੀਆਂ ਜ਼ਰੂਰਤਾਂ ਵਾਲੇ ਵਿਦਿਆਰਥੀਆਂ ਦੀ ਸਹਾਇਤਾ ਕਰਨ ਲਈ ਸਹਾਇਤਾ ਕਲਾਸਾਂ ਵਾਲਾ ਇੱਕ ਸਕੂਲ। ਕਿਰਪਾ ਕਰਕੇ ਨੋਟ ਕਰੋ ਕਿ ਇਹ ਇੱਕ ਪਲੇਸਮੈਂਟ ਪੈਨਲ ਦੁਆਰਾ ਕੀਤਾ ਜਾਵੇਗਾ। **ਤੁਹਾਨੂੰ ਪਰ੍ਹਾਇਮਰੀ ਸਕੂਲ ਦੇ ਪਿਰੰਸੀਪਲ ਤੋ ਸਹਾਇਤਾ ਲੈਣੀ ਚਾਹੀਦੀ ਹੈ ਜੇ ਤੁਸੀ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਨੂੰ ਸਹਾਇਤਾ ਕਲਾਸ ਪਲੇਸਮੈਂਟ ਲਈ ਵਿਚਾਰਿਆ ਜਾਵੇ।**
- ਹੋਰ **ਗੈਰ-ਸਥਾਨਕ** ਸਰਕਾਰੀ ਸਕੂਲ। ਕ੍ਰਿਪਾ ਕਰਕੇ ਇਸ ਪੰਨੇ ਦੇ ਹੇਠਾਂ ਗੈਰ-ਸਥਾਨਕ ਪਲੇਸਮੈਂਟ ਦੀ ਮੰਗ ਕਰਨ ਲਈ ਆਪਣੇ ਕਾਰਨਾਂ ਦੀ ਰੂਪ ਰੇਖਾ ਬਣਾਓ (ਅਤੇ ਜੇਕਰ ਜ਼ਰੂਰਤ ਹੋਵੇ ਤਾਂ ਪੰਨਾ 7 ਤੇ ਵੀ)।

ਮੈਂ ਆਪਣੇ ਬੱਚੇ ਲਈ ਨਿਮਨਲਿਖਤ ਸਰਕਾਰੀ ਸਕੂਲਾਂ ਵਿੱਚ ਪਲੇਸਮੈਂਟ ਚਾਹੁ ਦਾ ਹਾਂ:

| | |
|---|---|
| **ਪਸੰਦ 1 ਸਕੂਲ**<br>Choice 1 school | |
| **ਪਸੰਦ 2 ਸਕੂਲ**<br>Choice 2 school | |
| **ਪਸੰਦ 3 ਸਕੂਲ**<br>Choice 3 school | |

ਮੈਂ ਸਮਝਦਾ/ਦੀ ਹਾਂ ਕਿ ਜੇ ਮੇਰੇ ਬੱਚੇ ਨੂੰ ਉਪਰੋਕਤ ਸਕੂਲਾਂ ਵਿੱਚੋਂ ਕਿਸੇ ਇੱਕ ਵਿੱਚ ਪਲੇਸਮੈਂਟ ਹਾਸਲ ਕਰਨ ਵਿੱਚ ਸਫ਼ਲਤਾ ਨਹੀਂ ਮਿਲੀ, ਉਸ ਨੂੰ ਸੈਕਸ਼ਨ ਭ ਵਿੱਚ ਸੂਚੀਬੱਧ ਮਨੋਨੀਤ ਸਥਾਨਕ ਸਕੂਲ ਵਿੱਚ ਰੱਖਿਆ ਜਾਵੇਗਾ।

**ਮਾਪੇ/ਸਰਪਰ੍ਹਸਤ ਦੇ ਹਸਤਾਖਰ** (Signature of parent/carer)

**ਮਿਤੀ**
**Date** __ __ / __ __ / __ __ __ __
*ਦਿਨ* *ਮਹੀਨਾ* *ਸਾਲ*

## ਕੇਵਲ ਪ੍ਰਾਇਮਰੀ ਸਕੂਲ ਦੇ ਪ੍ਰਿੰਸੀਪਲ ਦੀ ਵਰਤੋਂ ਲਈ (Primary school principal use only)

Primary school principals may wish to include comments to assist secondary school principals make placement decisions. These comments should refer to the reasons given by parents and carers.

Signature of primary school principal

**Date** __ __ / __ __ / __ __ __ __
*day* *month* *year*

**ਹੇਠਾਂ ਦਿੱਤੀ ਜਾਣਕਾਰੀ ਨੂੰ ਸਿਰਫ ਤਾਂ ਹੀ ਪੂਰਾ ਕਰੋ ਜੇ ਤੁਸੀ ਗੈਰ-ਸਥਾਨਕ ਸਕੂਲਾਂ ਵਿੱਚ ਪਲੇਸਮੈਂਟ ਲਈ ਅਰਜੀ ਦਰਜ ਕਰ ਰਹੇ ਹੋ। ਤੁਹਾਨੂੰ ਇਸ ਭਾਗ ਨੂੰ ਪੂਰਾ ਕਰਨ ਦੀ ਜ਼ਰੂਰਤ ਨਹੀ ਜੇ ਤੁਸੀ ਕਿਸੇ ਮਾਹਰ ਖਾਸ ਸਕੂਲ ਲਈ ਅਰਜੀ ਦੇ ਰਹੇ ਹੋ ਤੁਹਾਨੂੰ ਇਸ ਭਾਗ ਨੂੰ ਪੂਰਾ ਕਰਨ ਦੀ ਜ਼ਰੂਰਤ ਨਹੀ ਹੈ ਜੇ ਤੁਸੀ ਮਾਹਰ ਸਕੂਲ ਜਾਂ ਸਹਾਇਤਾ ਕਲਾਸ ਲਈ ਅਰਜੀ ਦਰਜ ਕਰ ਰਹੇ ਹੋ।** ਜੇ ਲੋੜ ਹੋਵੇ, ਤਾਂ ਗ਼ੈਰ-ਸਥਾਨਕ ਸਕੂਲਾਂ ਵਿੱਚ ਪਲੇਸਮੈਂਟ ਲਈ ਤੁਸੀਂ ਆਪਣੀ ਬੇਨਤੀ ਦੇ ਸਮਰਥਨ ਵਿੱਚ ਵਧੀਕ ਜਾਣਕਾਰੀ ਨੱਥੀ ਕਰ ਸਕਦੇ ਹੋ। ਹੋਰ ਜਾਣਕਾਰੀ ਲਈ ਪੰਨੇ 2 ਅਤੇ 3 ਵੇਖੋ।

| | |
|---|---|
| **ਪਸੰਦ 1 ਸਕੂਲ ਦਾ ਨਾਮ**<br>Name of Choice 1 school | |

ਕ੍ਰਿਪਾ ਕਰ ਕੇ ਇਸ ਸਕੂਲ ਵਿੱਚ ਪਲੇਸਮੈਂਟ ਲੈਣ ਬਾਰੇ ਆਪਣੇ ਕਾਰਨਾਂ ਦੇ ਵੇਰਵੇ ਦਿਓ (ਸਕੂਲ 'ਚ ਦਾਖ਼ਲੇ ਬਾਰੇ ਵਿਸ਼ੇਸ਼ ਮਾਪਦੰਡ ਵੇਖੋ)।

## C (ਜਾਰੀ) C. (continued)

**ਪਸੰਦ 2 ਸਕੂਲ ਦਾ ਨਾਮ**
Name of Choice 2 school

ਕ੍ਰਿਪਾ ਕਰ ਕੇ ਇਸ ਸਕੂਲ ਵਿੱਚ ਪਲੇਸਮੈਂਟ ਲੈਣ ਬਾਰੇ ਆਪਣੇ ਕਾਰਨਾਂ ਦੇ ਵੇਰਵੇ ਦਿਓ (ਸਕੂਲ 'ਚ ਦਾਖ਼ਲੇ ਬਾਰੇ ਵਿਸ਼ੇਸ਼ ਮਾਪਦੰਡ ਵੇਖੋ)।

**ਪਸੰਦ 3 ਸਕੂਲ ਦਾ ਨਾਮ**
Name of Choice 3 school

ਕ੍ਰਿਪਾ ਕਰ ਕੇ ਇਸ ਸਕੂਲ ਵਿੱਚ ਪਲੇਸਮੈਂਟ ਲੈਣ ਬਾਰੇ ਆਪਣੇ ਕਾਰਨਾਂ ਦੇ ਵੇਰਵੇ ਦਿਓ (ਸਕੂਲ 'ਚ ਦਾਖ਼ਲੇ ਬਾਰੇ ਵਿਸ਼ੇਸ਼ ਮਾਪਦੰਡ ਵੇਖੋ)।

## D - ਅਕਾਦਮਿਕ ਤੌਰ ਉਤੇ ਚੋਣਵੇਂ ਸਕੂਲ (D. Academically selective school)

☐ ਮੈਂ ਅਕਾਦਮਿਕ ਤੌਰ ਉਤੇ ਚੋਣਵੇਂ ਸਕੂਲ ਵਿੱਚ ਪਲੇਸਮੈਂਟ ਲਈ ਅਰਜ਼ੀ ਦਿੱਤੀ ਹੈ। ਮੇਰਾ ਬੱਚਾ ਚੋਣਵੇਂ ਹਾਈ ਸਕੂਲਾਂ ਦਾ ਟੈਸਟ ਦੇਵੇਗਾ।
I have submitted an application for placement in an academically selective school. My child will be sitting for the Selective High Schools test.

*ਜੇ ਤੁਹਾਡਾ ਬੱਚਾ ਇਸ/ਇਨ੍ਹਾਂ ਸਕੂਲ(ਲਾਂ) ਵਿੱਚ ਦਾਖ਼ਲਾ ਲੈਣ ਵਿੱਚ ਸਫ਼ਲ ਨਹੀਂ ਹੁੰਦਾ, ਤਾਂ ਕ੍ਰਿਪਾ ਕਰ ਕੇ ਇਸ ਫ਼ਾਰਮ ਦੇ ਸੈਕਸ਼ਨ ਭ, ਸੈਕਸ਼ਨ ਛ ਜਾਂ ਸੈਕਸ਼ਨ ਓ ਭਰੋ।*

## E - ਪਲੇਸਮੈਂਟ ਦੀ ਜ਼ਰੂਰਤ ਨਹੀਂ (E. Placement not required)

ਮੈਂ ਪੁਸ਼ਟੀ ਕਰਦਾ/ਦੀ ਹਾਂ ਕਿ ਮੇਰਾ ਬੱਚਾ ਅਗਲੇ ਸਾਲ NSW ਦੇ ਸਰਕਾਰੀ ਸਕੂਲ ਵਿੱਚ ਪਲੇਸਮੈਂਟ ਦੀ ਮੰਗ ਨਹੀਂ ਕਰੇਗਾ। ਮੈਂ ਇਸ ਬੇਨਤੀ ਸਬੰਧੀ ਜਾਣਕਾਰੀ ਜਿਸ ਵਿੱਚ ਨਿੱਜੀ ਜਾਣਕਾਰੀ ਦਾ ਇਕੱਠਾ ਕਰਨਾ ਵੀ ਹੈ ਪੜ੍ਹੀ ਅਤੇ ਸਮਝੀ ਹੈ। ਮੇਰਾ ਬੱਚਾ ਹੇਠ ਲਿਖੇ ਸਕੂਲ ਵਿੱਚ ਦਾਖਲ ਹੋਵੇਗਾ।*

I confirm that my child will not be seeking placement at a NSW Government school next year. I have read and understood the information about this submission including the collection of personal information. My child will be attending the following school.*

**ਮਾਪੇ/ਸਰਪਰਸਤ ਦੇ ਹਸਤਾਖਰ** (Signature of parent/carer)

**ਮਿਤੀ**
**Date** __ __ / __ __ / __ __ __ __
*ਦਿਨ ਮਹੀਨਾ ਸਾਲ*

* ਇਸ ਜਾਣਕਾਰੀ ਦੀ ਲੋੜ ਨਹੀਂ ਹੈ ਪਰ ਜੇ ਦਿੱਤੀ ਜਾਵੇ, ਤਾਂ ਇਹ ਸ਼ਲਾਘਾਯੋਗ ਹੋਵੇਗੀ।

### ਭੇਤਦਾਰੀ ਦਾ ਬਿਆਨ (Privacy Statement)

NSW ਦੇ ਸਰਕਾਰੀ ਸਕੂਲਾਂ ਵਿੱਚ Year 7 ਵਿੱਚ ਸੰਭਾਵਿਤ ਦਾਖਲਿਆਂ ਦੀਆਂ ਅਰਜ਼ੀਆਂ ਦਾ ਤਾਲਮੇਲ ਕਰਨ ਦੇ ਉਦੇਸ਼ ਨਾਲ NSW ਦੇ ਸਰਕਾਰੀ ਸਕੂਲ ਵਿੱਚ **ਦਿਲਚਸਪੀ ਦਾ ਪਰ੍ਗਟਾਵਾ - 7ਵੀ ਜਮਾਤ ਵਿੱਚ ਪਲੇਸਮੈਂਟ ਸਿਰਲੇਖ** ਵਾਲੇ ਇਸ ਫ਼ਾਰਮ ਵਿੱਚ ਪ੍ਰਦਾਨ ਕੀਤੀ ਗਈ ਨਿੱਜੀ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ। NSW ਦੇ ਸਿੱਖਿਆ ਵਿਭਾਗ (**ਵਿਭਾਗ**) ਨੂੰ ਪ੍ਰਦਾਨ ਕੀਤੀ ਗਈ ਕਿਸੇ ਵੀ ਜਾਣਕਾਰੀ ਦੀ ਵਰਤੋਂ, ਖੁਲਾਸਾ ਅਤੇ ਸੰਭਾਲ NSW ਦੇ ਪਰਦੇਦਾਰੀ ਕਾਨੂੰਨਾਂ ਦੇ ਅਨੁਸਾਰ ਕੀਤੀ ਜਾਵੇਗੀ।

ਜਨਤਕ ਸਿਹਤ, ਸਿੱਖਿਆ ਅਤੇ ਬਾਲ ਸੁਰੱਖਿਆ ਕਾਨੂੰਨ ਦੇ ਅਧੀਨ ਦੇਖਭਾਲ ਅਤੇ ਹੋਰ ਕਾਨੂੰਨੀ ਜ਼ਿੰਮੇਵਾਰੀਆਂ ਅਤੇ ਕਾਰਜਾਂ ਦੇ ਆਪਣੇ ਫਰਜ਼ ਨੂੰ ਪੂਰਾ ਕਰਨ ਅਤੇ ਰਾਸ਼ਟਰਮੰਡਲ – ਰਾਜਾਂ ਦੇ ਫੰਡਿੰਗ ਸਮਝੌਤਿਆਂ ਅਧੀਨ ਡੈਟਾ ਇਕੱਤਰ ਕਰਨ ਅਤੇ ਰਿਪੋਰਟ ਕਰਨ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ **ਵਿਭਾਗ** ਨੂੰ ਕੁਝ ਜਾਣਕਾਰੀ ਦੀ ਲੋੜ ਹੁੰਦੀ ਹੈ। ਇਹਨਾਂ ਵਿੱਚ ਵਿਦਿਆਰਥੀ ਦੇ ਨਤੀਜਿਆਂ ਦੀ ਪੜਤਾਲ ਅਤੇ ਮੁਲਾਂਕਣ ਸ਼ਾਮਲ ਹੋ ਸਕਦਾ ਹੈ।

ਜਾਣਕਾਰੀ ਦਾ ਖੁਲਾਸਾ NSW, ਰਾਜ ਅਤੇ ਰਾਸ਼ਟਰਮੰਡਲ ਸਰਕਾਰ ਦੀਆਂ ਏਜੰਸੀਆਂ ਅਤੇ ਹੋਰ ਸੰਸਥਾਵਾਂ ਨੂੰ ਉਪਰੋਕਤ ਉਦੇਸ਼ਾਂ ਲਈ ਅਤੇ ਕਾਨੂੰਨ ਦੁਆਰਾ ਅਧਿਕਾਰਤ ਜਾਂ ਲੋੜ ਅਨੁਸਾਰ ਕੀਤਾ ਜਾ ਸਕਦਾ ਹੈ।

ਜਾਣਕਾਰੀ ਨੂੰ ਸੁਰੱਖਿਅਤ ਇਲੈਕਟ੍ਰੌਨਿਕ ਡੈਟਾਬੇਸ ਵਿੱਚ ਸੰਭਾਲਿਆ ਜਾਵੇਗਾ। ਤੁਸੀਂ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰਕੇ ਜਾਣਕਾਰੀ ਤੱਕ ਪਹੁੰਚ ਕਰ ਸਕਦੇ ਹੋ ਜਾਂ ਉਸ ਨੂੰ ਠੀਕ ਕਰ ਸਕਦੇ ਹੋ। ਜੇ ਇਕੱਤਰ ਕੀਤੀ ਜਾਣਕਾਰੀ ਬਾਰੇ ਤੁਹਾਡੀ ਕੋਈ ਚਿੰਤਾ ਜਾਂ ਸ਼ਿਕਾਇਤ ਹੈ ਜਾਂ ਇਸ ਦੀ ਵਰਤੋਂ ਜਾਂ ਖੁਲਾਸਾ ਕਿਵੇਂ ਕੀਤਾ ਗਿਆ ਹੈ, ਤਾਂ ਤੁਹਾਨੂੰ ਸਕੂਲ ਨਾਲ ਸੰਪਰਕ ਕਰਨਾ ਚਾਹੀਦਾ ਹੈ।

ਜੇ ਤੁਸੀਂ ਕੁਝ ਬੇਨਤੀ ਕੀਤੀ ਜਾਣਕਾਰੀ ਪ੍ਰਦਾਨ ਨਾ ਕਰਨ ਦੀ ਚੋਣ ਕਰਦੇ ਹੋ ਤਾਂ ਇਸ ਦਾ ਤੁਹਾਡੇ ਬੱਚੇ ਦੇ ਦਾਖਲੇ, ਸਕੂਲ ਲਈ ਸਰੋਤ ਲੈਣ ਜਾਂ ਤੁਹਾਡੇ ਬੱਚੇ ਦੀਆਂ ਵਿਦਿਅਕ ਲੋੜਾਂ ਨੂੰ ਪੂਰਾ ਕਰਨ 'ਤੇ ਹਾਨੀਕਾਰਕ ਪ੍ਰਭਾਵ ਪੈ ਸਕਦਾ ਹੈ।

ਜਦ ਤੁਹਾਡਾ ਬੱਚਾ NSW ਦੇ ਕਿਸੇ ਸਰਕਾਰੀ ਸਕੂਲ ਵਿੱਚ ਦਾਖਲ ਹੁੰਦਾ ਹੈ ਅਤੇ ਅਸੀਂ ਤੁਹਾਡੀ ਪਰਦੇਦਾਰੀ ਦੀ ਰੱਖਿਆ ਕਿਵੇਂ ਕਰਦੇ ਹਾਂ, ਜਾਣਕਾਰੀ ਇਕੱਤਰ ਕਰਨ ਬਾਰੇ ਹੋਰ ਜਾਣਕਾਰੀ ਵਿਭਾਗ ਦੀ ਵੈੱਬਸਾਈਟ 'ਤੇ ਜਾਂ ਤੁਹਾਡੇ ਸਕੂਲ ਕੋਲੋਂ ਉਪਲਬਧ ਹੈ। ਤੁਸੀਂ ਵਿਭਾਗ ਦੇ ਇਕੱਤਰ ਕਰਨ ਵਾਲੇ ਪਰਦੇਦਾਰੀ ਨੋਟਿਸ ਦੀ ਨਕਲ ਇੱਥੇ ਪ੍ਰਾਪਤ ਕਰ ਸਕਦੇ ਹੋ: https://education.nsw.gov.au/content/dam/main-education/about-us/rights-and-accountability/media/documents/privacy/collection-notice.pdf

ਜਿਹੜੇ ਵਿਦਿਆਰਥੀ ਇਸ ਵੇਲੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਦਾਖ਼ਲ ਹਨ, ਉਹ ਕ੍ਰਿਪਾ ਕਰਕੇ ਇਹ ਫ਼ਾਰਮ ਬੱਚੇ ਦੇ ਪ੍ਰਾਇਮਰੀ ਸਕੂਲ ਨੂੰ ਮੋੜ ਦੇਣ। ਜਿਹੜੇ ਵਿਦਿਆਰਥੀ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਦਾਖ਼ਲ ਨਹੀਂ ਹਨ, ਉਹ ਕ੍ਰਿਪਾ ਕਰ ਕੇ ਇਹ ਫ਼ਾਰਮ ਉਸ ਸਰਕਾਰੀ ਸੈਕੰਡਰੀ ਸਕੂਲ ਨੂੰ ਵਾਪਸ ਭੇਜਣ, ਜਿਹੜਾ ਦਾਖ਼ਲੇ ਲਈ ਉਨ੍ਹਾਂ ਦੀ ਪਹਿਲੀ ਤਰਜੀਹ ਹੈ। **ਦਿਲਚਸਪੀ ਦੇ ਸਾਰੇ ਪਰ੍ਗਟਾਵੇ ਜ਼ਰੂਰ ਹੀ ਨਿਸ਼ਚਤ ਮਿਤੀ ਨੂੰ ਜਾਂ ਉਸ ਤੋਂ ਪਹਿਲਾਂ ਵਾਪਸ ਕਰਨੇ ਚਾਹੀਦੇ ਹਨ।**



ਅਸੀਂ ਸਾਰੇ ਆਦਿਵਾਸੀਆਂ ਦੀਆਂ ਭੂਮੀਆਂ ਨੂੰ ਸਵੀਕਾਰ ਕਰਦੇ ਹਾਂ ਅਤੇ ਦੇਸ਼ ਦਾ ਸਤਿਕਾਰ ਕਰਦੇ ਹਾਂ।

**Say hello**


@NSWDepartmentofEducation

@NSWEducation

@NSWEducation

education.nsw.gov.au



© 2023 NSW Department of Education



GPO Box 33, Sydney NSW 2001 Australia

Phone: 1300 679 332


NSW GOVERNMENT